## **ਬੀ ਸੀ ਫਾਰਮਾਕੇਅਰ (BC PharmaCare)**

ਬੀ ਸੀ ਫਾਰਮਾਕੇਅਰ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਕੁਝ ਦਵਾਈਆਂ ਦੇ ਖਰਚਿਆਂ ਅਤੇ ਮੈਡੀਕਲ ਸਪਲਾਈ ਵਿਚ ਮਾਇਕ ਸਹਾਇਤਾ ਪ੍ਰਦਾਨ ਕਰਦੀ ਹੈ।

ਇਨ੍ਹਾਂ ਵਿਚ ਸ਼ਾਮਲ ਹਨ:

- ਕਿਸੇ ਡਾਕਟਰ, ਸਰਜਨ, ਦੰਦਾਂ ਦੇ ਡਾਕਟਰ, ਮਿਡਵਾਈਫ, ਨਰਸ ਪ੍ਰੈਕਟੀਸ਼ਨਰ, ਓਪਟੋਮੀਟਰਿਸਟ, ਜਾਂ ਪੈਰਾਂ ਦੇ ਮਾਹਰ ਡਾਕਟਰ (ਪੌਡੀਐਟਰਿਸਟ) ਵਲੋਂ ਲਿਖ ਕੇ ਦਿੱਤੀਆਂ ਗਈਆਂ ਬਹੁਤੀਆਂ ਦਵਾਈਆਂ
- ਖਾਸ ਪੱਕੇ ਨਕਲੀ ਅੰਗਾਂ ਵਾਲੇ ਅਪਲਾਇੰਸ
- ਬੱਚਿਆਂ ਦੇ ਖਾਸ ਓਰਥੌਟਿਕ ਯੰਤਰ
- ਇਨਸੂਲਿਨ, ਸੂਈਆਂ, ਸਰਿੰਜਾਂ, ਸ਼ੂਗਰ ਚੈੱਕ ਕਰਨ ਵਾਲੀਆਂ ਸਟਰੈੱਪਾਂ, ਅਤੇ ਸ਼ੂਗਰ (ਡਾਇਬੀਟੀਜ਼) ਵਾਲੇ ਲੋਕਾਂ ਲਈ ਇਨਸੂਲਿਨ ਪੰਪ ਸਪਲਾਈਆਂ
- ਖਾਸ ਓਸਟੋਮੀ ਸਪਲਾਈਆਂ
- ਨਿਕੋਟੀਨ ਦੀ ਥਾਂ ਲੈਣ ਵਾਲੀਆਂ ਇਲਾਜ ਦੀਆਂ ਖਾਸ ਵਸਤਾਂ ਅਤੇ ਬੀ ਸੀ ਸਮੋਕਿੰਗ ਸਾਸੇਸ਼ਨ ਪ੍ਰੋਗਰਾਮ ਅਧੀਨ ਡਾਕਟਰ ਦੀ ਪਰਚੀ ਨਾਲ ਲਈਆਂ ਸਿਗਰਟਾਂ ਛੱਡਣ ਵਾਲੀਆਂ ਦਵਾਈਆਂ
- ਦਵਾਈ ਵਾਲੀ ਪਰਚੀ ਨਵਿਆਉਣ ਜਾਂ ਸੋਧਣ ਨਾਲ ਸੰਬੰਧਿਤ ਕਲਿਨੀਕਲ ਸਰਵਿਸ ਦੀਆਂ ਫੀਸਾਂ

ਜੇ ਤੁਸੀਂ ਸਹਾਇਤਾ ਲਈ ਹੱਕਦਾਰ ਹੋਵੋ ਤਾਂ ਤੁਹਾਡੀ ਦਵਾਈ ਦੇ ਖਰਚਿਆਂ ਵਿਚ ਫਾਰਮਾਕੇਅਰ ਦੇ ਹਿੱਸੇ ਦਾ ਹਿਸਾਬ ਦਵਾਈ ਖਰੀਦਣ ਵੇਲੇ ਆਪਣੇ ਆਪ ਲੱਗ ਜਾਂਦਾ ਹੈ। ਤੁਸੀਂ ਸਿਰਫ ਉਹ ਖਰਚੇ ਦਿੰਦੇ ਹੋ ਜਿਹੜੇ ਫਾਰਮਾਕੇਅਰ ਵਲੋਂ ਕਵਰ ਨਹੀਂ ਹਨ। ਕੁਝ ਚੀਜ਼ਾਂ ਲਈ, ਜਿਵੇਂ ਕਿ ਨਕਲੀ ਅੰਗਾਂ ਅਤੇ ਓਰਥੌਟਿਕਸ ਲਈ, ਤੁਹਾਡੇ ਵਲੋਂ ਜਾਂ ਸਪਲਾਇਰ ਵਲੋਂ ਲਿਖਤੀ ਕਲੇਮ ਦਰਜ ਕਰਵਾਇਆ ਜਾਣਾ ਜ਼ਰੂਰੀ ਹੈ।

ਫਾਰਮਾਕੇਅਰ ਦੀਆ ਸੱਤ ਵੱਖ ਵੱਖ ਪਲੈਨਾਂ ਹਨ:
*ਫੇਅਰ ਫਾਰਮਾਕੇਅਰ:* ਆਮਦਨ ਨੂੰ ਆਧਾਰ ਬਣਾ ਕੇ ਸਹਾਇਤਾ ਪ੍ਰਦਾਨ ਕਰਦੀ ਹੈ। ਇਹ ਸਭ ਤੋਂ ਵੱਡੀ ਅਤੇ ਸਭ ਤੋਂ ਵਧ ਵਰਤੀ ਜਾਂਦੀ ਪਲੈਨ ਹੈ।
*ਪਲੈਨ ਬੀ:* ਲਾਇਸੰਸਸ਼ੁਦਾ ਰੈਜ਼ੀਡੈਂਸ਼ਲ ਕੇਅਰ ਸਥਾਨਾਂ ਦੇ ਪੱਕੇ ਵਸਨੀਕਾਂ (ਪ੍ਰਮਾਨੈਂਟ ਰੈਜ਼ੀਡੈਂਟਸ) ਲਈ
*ਪਲੈਨ ਸੀ:* ਉਨ੍ਹਾਂ ਵਿਅਕਤੀਆਂ ਲਈ ਜਿਹੜੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਇਨਕਮ ਅਸਿਸਟੈਂਸ ਲੈ ਰਹੇ ਹਨ
*ਪਲੈਨ ਡੀ:* ਉਨ੍ਹਾਂ ਵਿਅਕਤੀਆਂ ਲਈ ਜਿਹੜੇ ਸੂਬੇ ਦੇ ਕਿਸੇ ਸਿਸਟਿਕ ਫਾਇਬਰੋਸਿਸ ਕਲੀਨਿਕ ਨਾਲ ਰਜਿਸਟਰ ਹਨ
*ਪਲੈਨ ਐੱਫ:* ਉਨ੍ਹਾਂ ਬੱਚਿਆਂ ਲਈ ਜਿਹੜੇ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਦੇ ਐਟ ਹੋਮ ਪ੍ਰੋਗਰਾਮ ਰਾਹੀਂ ਮੈਡੀਕਲ ਜਾਂ ਪੂਰੀ ਮਾਇਕ ਸਹਾਇਤਾ ਲੈ ਰਹੇ ਹਨ
*ਪਲੈਨ ਜੀ:* ਮੈਂਟਲ ਹੈਲਥ ਸਰਵਿਸ ਸੈਂਟਰਾਂ ਦੇ ਗਾਹਕਾਂ ਲਈ ਜਿਨ੍ਹਾਂ ਲਈ ਦਵਾਈ ਦਾ ਖਰਚਾ ਇਲਾਜ ਵਿਚ ਇਕ ਵੱਡੀ ਰੁਕਾਵਟ ਹੈ
*ਬੀ ਸੀ ਪੈਲੀਏਟਿਵ ਕੇਅਰ ਬੈਨੇਫਿਟਸ ਪ੍ਰੋਗਰਾਮ:* ਉਨ੍ਹਾਂ ਲਈ ਜਿਹੜੇ ਦਰਦ ਘਟਾਉਣ ਵਾਲੀ ਸੰਭਾਲ ਘਰ ਵਿਚ ਲੈਣ ਦੀ ਚੋਣ ਕਰਦੇ ਹਨ

### **ਫੇਅਰ ਫਾਰਮਾਕੇਅਰ**

ਮਿਰਗੀ (ਐਪੀਲੈਪਸੀ) ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਲੋਂ ਸਭ ਤੋਂ ਜ਼ਿਆਦਾ ਆਮ ਵਰਤੀ ਜਾਂਦੀ ਪਲੈਨ ਫੇਅਰ ਫਾਰਮਾਕੇਅਰ ਹੈ। ਇਸ ਕਰਕੇ ਇਸ ਜਾਣਕਾਰੀ ਸ਼ੀਟ ਦਾ ਬਾਕੀ ਹਿੱਸਾ ਇਸ ਪਲੈਨ ਬਾਰੇ ਗੱਲ ਕਰੇਗਾ। ਹੋਰ ਫਾਰਮਾਕੇਅਰ ਪਲੈਨਾਂ ਬਾਰੇ ਜਾਣਕਾਰੀ ਲੈਣ ਲਈ www.health.gov.bc.ca/pharmacare/plans/index.html ਵੈੱਬਸਾਈਟ 'ਤੇ ਜਾਓ।

ਫੇਅਰ ਫਾਰਮਾਕੇਅਰ ਬਹੁਤੀ ਮਦਦ ਬ੍ਰਿਟਿਸ਼ ਕੋਲੰਬੀਆ ਦੇ ਘੱਟ ਆਮਦਨ ਵਾਲੇ ਲੋਕਾਂ ਦੀ ਕਰਦੀ ਹੈ ਪਰ ਇਹ ਆਮਦਨ ਦੇ ਕਿਸੇ ਵੀ ਪੱਧਰ ਵਾਲੇ ਪਰਿਵਾਰਾਂ ਨੂੰ ਦਵਾਈਆਂ ਦੇ ਖਰਚੇ ਵਿਚ ਬੇਤਹਾਸ਼ਾ ਵਾਧੇ ਤੋਂ ਵੀ ਬਚਾਉਂਦੀ ਹੈ। ਜੇ ਤੁਸੀਂ ਫੇਅਰ ਫਾਰਮਾਕੇਅਰ ਅਧੀਨ ਕਵਰ ਹੋ ਤਾਂ ਤੁਸੀਂ ਉਦੋਂ ਤੱਕ ਆਪਣੀਆਂ ਦਵਾਈਆਂ ਦਾ ਪੂਰਾ ਖਰਚਾ ਦਿੰਦੇ ਹੋ ਜਦ ਤੱਕ ਤੁਸੀਂ ਡਿਡੱਕਟੇਬਲ ਵਜੋਂ ਜਾਣੇ ਜਾਂਦੇ ਆਪਣੇ ਪੱਧਰ 'ਤੇ ਪਹੁੰਚ ਨਹੀਂ

ਜਾਂਦੇ। ਤੁਹਾਡੇ ਡਿਡੱਕਟੇਬਲ (ਕੱਟਣਯੋਗ ਪੈਸੇ) ਤੁਹਾਡੇ ਪਰਿਵਾਰ ਦੀ ਨਿਰੋਲ ਆਮਦਨ ਦੀ ਮਿੱਥੀ ਗਈ ਪ੍ਰਤੀਸ਼ਤ ’ਤੇ ਆਧਾਰਿਤ ਹੁੰਦੇ ਹਨ। ਜਦੋਂ ਤੁਸੀਂ ਡਿਡੱਕਟੇਬਲ ’ਤੇ ਪਹੁੰਚ ਜਾਂਦੇ ਹੋ ਤਾਂ ਫਾਰਮਾਕੇਅਰ ਸਾਲ ਦੇ ਬਾਕੀ ਹਿੱਸੇ ਲਈ ਤੁਹਾਡੇ ਯੋਗ ਖਰਚਿਆਂ ਦੇ ਇਕ ਹਿੱਸੇ ਵਿਚ ਮਦਦ ਕਰਨਾ ਸ਼ੁਰੂ ਕਰ ਦਿੰਦੀ ਹੈ।

ਪਲੈਨ ਉਹ ਵੱਧ ਤੋਂ ਵੱਧ ਰਕਮ ਵੀ ਤਹਿ ਕਰਦੀ ਹੈ ਜਿਹੜੀ ਕਿਸੇ ਪਰਿਵਾਰ ਨੂੰ ਹਰ ਸਾਲ ਵਾਧੂ ਖਰਚਿਆਂ ਵਿਚ ਸਰਕਾਰ ਦੀ ਮਦਦ ਤੋਂ ਪਹਿਲਾਂ ਦੇਣ ਦੀ ਲੋੜ ਹੁੰਦੀ ਹੈ। ਜੇ ਤੁਸੀਂ ਆਪਣੇ ਪਰਿਵਾਰ ਲਈ ਵੱਧ ਤੋਂ ਵੱਧ ਰਕਮ ’ਤੇ ਪਹੁੰਚ ਜਾਂਦੇ ਹੋ ਤਾਂ ਫਾਰਮਾਕੇਅਰ ਸਾਲ ਦੇ ਬਾਕੀ ਹਿੱਸੇ ਲਈ ਤੁਹਾਡੀਆਂ ਯੋਗ ਦਵਾਈਆਂ ਦੇ ਖਰਚੇ ਦੇ 100 ਪ੍ਰਤੀਸ਼ਤ ਨੂੰ ਕਵਰ ਕਰਦੀ ਹੈ। ਪਰਿਵਾਰ ਲਈ ਵੱਧ ਤੋਂ ਵੱਧ ਦਾ ਫੈਸਲਾ ਤੁਹਾਡੀ ਨਿਰੋਲ ਆਮਦਨ ਤੋਂ ਲਾਇਆ ਜਾਂਦਾ ਹੈ (ਜਿਵੇਂ ਕਿ ਅੱਗੇ ਲਿਖੇ ਖਾਨੇ ਵਿਚ ਦਰਸਾਇਆ ਗਿਆ ਹੈ)।

| ਪਰਿਵਾਰ ਦੀ ਨਿਰੋਲ ਸਲਾਨਾ ਆਮਦਨ | ਪਰਿਵਾਰ ਦਾ ਡਿਡੱਕਟੇਬਲ | ਯੋਗ ਖਰਚਿਆਂ ਦਾ ਹਿੱਸਾ ਜਿਹੜਾ ਫਾਰਮਾਕੇਅਰ ਦਿੰਦੀ ਹੈ (ਡਿਡੱਕਟੇਬਲ ’ਤੇ ਪਹੁੰਚਣ ਤੋਂ ਬਾਅਦ) | ਪਰਿਵਾਰ ਲਈ ਵੱਧ ਤੋਂ ਵੱਧ (ਜਿਸ ਤੋਂ ਬਾਅਦ 100 ਪ੍ਰਤੀਸ਼ਤ ਕਵਰ ਹੈ) |
|---|---|---|---|
| 15000 ਡਾਲਰ ਤੋਂ ਘੱਟ | ਕੋਈ ਵੀ ਨਹੀਂ – ਤੁਹਾਡੇ ਦਵਾਈਆਂ ਦੇ ਖਰਚੇ ਵਿਚ ਸਰਕਾਰ ਫੌਰੀ ਮਦਦ ਕਰਦੀ ਹੈ। | 70 ਪ੍ਰਤੀਸ਼ਤ | ਤੁਹਾਡੀ ਨਿਰੋਲ ਆਮਦਨ ਦੀ 2 ਪ੍ਰਤੀਸ਼ਤ ਦੇ ਬਰਾਬਰ |
| 15000 ਡਾਲਰ ਅਤੇ 30000 ਡਾਲਰ ਦੇ ਵਿਚਕਾਰ | ਤੁਹਾਡੀ ਨਿਰੋਲ ਆਮਦਨ ਦੀ 2 ਪ੍ਰਤੀਸ਼ਤ ਦੇ ਬਰਾਬਰ | 70 ਪ੍ਰਤੀਸ਼ਤ | ਤੁਹਾਡੀ ਨਿਰੋਲ ਆਮਦਨ ਦੀ 3 ਪ੍ਰਤੀਸ਼ਤ ਦੇ ਬਰਾਬਰ |
| 30000 ਡਾਲਰ ਤੋਂ ਉੱਪਰ | ਤੁਹਾਡੀ ਨਿਰੋਲ ਆਮਦਨ ਦੀ 3 ਪ੍ਰਤੀਸ਼ਤ ਦੇ ਬਰਾਬਰ | 70 ਪ੍ਰਤੀਸ਼ਤ | ਤੁਹਾਡੀ ਨਿਰੋਲ ਆਮਦਨ ਦੀ 4 ਪ੍ਰਤੀਸ਼ਤ ਦੇ ਬਰਾਬਰ |

ਫੇਅਰ ਫਾਰਮਾਕੇਅਰ ਕਵਰੇਜ ਦਾ ਹਿਸਾਬ ਲਾਉਣ ਲਈ ਫਾਰਮਾਕੇਅਰ ਦੋ ਸਾਲਾਂ ਦੇ ਇਨਕਮ ਟੈਕਸ ਦੇ ਡੈਟੇ ਦੀ ਵਰਤੋਂ ਕਰਦੀ ਹੈ। ਫੇਅਰ ਫਾਰਮਾਕੇਅਰ ਦਾ ਹਿਸਾਬ ਲਾਉਣ ਵੇਲੇ ਯੂਨੀਵਰਸਲ ਚਾਇਲਡ ਕੇਅਰ ਬੈਨੇਫਿਟ (ਯੂ ਸੀ ਸੀ ਬੀ) ਪੇਮੈਂਟਾਂ ਅਤੇ ਰਜਿਸਟਰਿਡ ਡਿਸਏਬਲਿਟੀ ਸੇਵਿੰਗਜ਼ ਪਲੈਨ (ਆਰ ਡੀ ਐੱਸ ਪੀ) ਦੀ ਆਮਦਨ ਨੂੰ ਨਿਰੋਲ ਆਮਦਨ ਵਿੱਚੋਂ ਕੱਟਿਆ ਜਾਂਦਾ ਹੈ।

ਜੇ ਤੁਸੀਂ ਜਾਂ ਤੁਹਾਡੀ ਪਤਨੀ/ਪਤੀ 1939 ਵਿਚ ਜਾਂ ਇਸ ਤੋਂ ਪਹਿਲਾਂ ਪੈਦਾ ਹੋਏ ਸੀ ਤਾਂ ਫਾਰਮਾਕੇਅਰ ਤੁਹਾਡੇ ਵਲੋਂ ਡਿਡੱਕਟੇਬਲ ’ਤੇ ਪਹੁੰਚ ਜਾਣ ਤੋਂ ਬਾਅਦ ਬਾਕੀ ਸਾਰੇ ਸਾਲ ਲਈ ਤੁਹਾਡੇ ਯੋਗ ਖਰਚਿਆਂ ਦਾ 75 ਪ੍ਰਤੀਸ਼ਤ ਦੇਵੇਗੀ।

ਜੇ ਤੁਹਾਡੇ ਪਰਿਵਾਰ ਦੀ ਨਿਰੋਲ ਆਮਦਨ ਪਿਛਲੇ ਸਾਲ ਵਿਚ 10 ਜਾਂ ਜ਼ਿਆਦਾ ਪ੍ਰਤੀਸ਼ਤ ਤੱਕ ਘਟ ਗਈ ਹੈ ਅਤੇ/ਜਾਂ ਤੁਹਾਡੀ ਪਤਨੀ/ਪਤੀ ਹੁਣ ਕਿਸੇ ਲੌਂਗ-ਟਰਮ ਕੇਅਰ ਵਿਚ ਰੈਜ਼ੀਡੈਂਟ ਹੈ ਅਤੇ ਤੁਹਾਡੀ ਸਹਾਇਤਾ ਵਿਚ ਉਸ ਦੀ ਆਮਦਨ ਦਾ ਹਿਸਾਬ ਲਾਉਣਾ ਤੁਹਾਡੇ ਲਈ ਤੰਗੀ ਹੈ ਤਾਂ ਫੇਅਰ ਫਾਰਮਾਕੇਅਰ ਜ਼ਿਆਦਾ ਸਹਾਇਤਾ ਤੱਕ ਪਹੁੰਚ ਪ੍ਰਦਾਨ ਕਰਦੀ ਹੈ।

ਜੇ ਤੁਸੀਂ ਡਿਡੱਕਟੇਬਲ ਦੇਣੇ ਹਨ ਅਤੇ ਤੁਹਾਨੂੰ ਸਾਲ ਦੇ ਸ਼ੁਰੂ ਵਿਚ ਆਪਣੀਆਂ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਦਵਾਈਆਂ ਦਾ ਖਰਚਾ ਦੇਣ ਵਿਚ ਮੁਸ਼ਕਲ ਮਹਿਸੂਸ ਹੁੰਦੀ ਹੈ ਤਾਂ ਡਿਡੱਕਟੇਬਲ ਦੀਆਂ ਪੇਮੈਂਟਾਂ ਮਹੀਨਾਵਾਰ ਵੀ ਦੇਣ ਦੀ ਚੋਣ ਹੈ।

ਫੇਅਰ ਫਾਰਮਾਕੇਅਰ ਕਵਰੇਜ ਕਿਉਂਕਿ ਤੁਹਾਡੇ ਪਰਿਵਾਰ ਦੀ ਨਿਰੋਲ ਆਮਦਨ ’ਤੇ ਆਧਾਰਿਤ ਹੈ, ਇਸ ਕਰਕੇ ਇਹ ਮਹੱਤਵਪੂਰਨ ਹੈ ਕਿ ਜੇ ਤੁਹਾਡੇ ਪਰਿਵਾਰ ਦਾ ਦਰਜਾ ਬਦਲ ਜਾਂਦਾ ਹੈ ਤਾਂ ਤੁਸੀਂ ਹੈਲਥ ਇਨਸ਼ੋਰੈਂਸ ਬੀ ਸੀ ਨਾਲ ਸੰਪਰਕ ਕਰੋ। ਉਦਾਹਰਣ ਲਈ, ਜੇ ਤੁਸੀਂ ਵਿਆਹ ਕਰਵਾਉਂਦੇ ਹੋ ਜਾਂ ਤਲਾਕ ਲੈਂਦੇ ਹੋ, ਤੁਹਾਡੇ ਪਤੀ/ਪਤਨੀ ਦੀ ਮੌਤ ਹੋ ਜਾਂਦੀ ਹੈ, ਜਾਂ ਜੇ ਤੁਹਾਨੂੰ ਹੁਣ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਵਲੋਂ ਕਿਸੇ ’ਤੇ ਨਿਰਭਰ ਨਹੀਂ ਸਮਝਿਆ ਜਾਂਦਾ।

**ਫੇਅਰ ਫਾਰਮਾਕੇਅਰ ਵਲੋਂ ਕਵਰ ਕੀਤੀਆਂ ਜਾਂਦੀਆਂ ਦਵਾਈਆਂ**

ਕੈਨੇਡਾ ਵਿਚ ਵਰਤੋਂ ਲਈ ਪ੍ਰਵਾਨਿਤ ਮਿਰਗੀ ਦੀਆਂ ਬਹੁਤੀਆਂ ਦਵਾਈਆਂ ਕਵਰ ਹਨ। ਪਰ, ਲੈਵੀਟੀਰੈਸਟਮ (ਕੈਪਰਾ) ਕਵਰ ਨਹੀਂ ਹੈ। ਮਿਰਗੀ ਲਈ ਬਰਾਂਡ ਨਾਂ ਵਾਲੀਆਂ ਦਵਾਈਆਂ ਵੀ ਆਮ ਤੌਰ ’ਤੇ ਕਵਰ ਨਹੀਂ ਹਨ।

ਪਰ, ਜੇ ਕੋਈ ਦਵਾਈ ਕਵਰ ਨਾ ਹੋਵੇ ਤਾਂ ਤੁਹਾਡਾ ਡਾਕਟਰ ਫਾਰਮਾਕੇਅਰ ਤੋਂ ਸਪੈਸ਼ਲ ਕਵਰੇਜ ਲਈ ਬੇਨਤੀ ਕਰ ਸਕਦਾ ਹੈ। ਇਸ ਦੇ ਮਨਜ਼ੂਰ ਹੋਣ ਦੀ ਜ਼ਿਆਦਾ ਸੰਭਾਵਨਾ ਹੈ ਜੇ ਦਿੱਤੀਆਂ ਜਾਣ ਵਾਲੀਆਂ ਬਾਕੀ ਸਾਰੀਆਂ ਦਵਾਈਆਂ ਫੇਲ੍ਹ ਹੋ ਗਈਆਂ ਹਨ ਜਾਂ ਅਸਹਿਣਸ਼ੀਲ ਹਨ ਅਤੇ ਡਾਕਟਰ ਨੇ ਇਹ ਸਬੂਤ ਦਿੱਤਾ ਹੈ ਕਿ ਇਹ ਦਵਾਈ ਤੁਹਾਡੀ ਹਾਲਤ ਲਈ ਅਸਰਦਾਰ ਹੈ।

**ਹੱਕਦਾਰੀ ਅਤੇ ਫੇਅਰ ਫਾਰਮਾਕੇਅਰ ਲਈ ਰਜਿਸਟਰੇਸ਼ਨ**

ਪੂਰੀ ਕਵਰੇਜ ਲੈਣ ਲਈ ਤੁਹਾਡਾ ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਣਾ ਜ਼ਰੂਰੀ ਹੈ। ਇਸ ਲਈ ਸਿਰਫ ਇਕ ਵਾਰ ਹੀ ਰਜਿਸਟਰੇਸ਼ਨ ਦੀ ਲੋੜ ਪੈਂਦੀ ਹੈ। ਜੇ ਤੁਸੀਂ ਰਜਿਸਟਰ ਨਹੀਂ ਹੋ ਤਾਂ ਪਲੈਨ ਉਦੋਂ ਤੱਕ ਤੁਹਾਡਾ ਕੋਈ ਵੀ ਖਰਚਾ ਨਹੀਂ ਦੇਵੇਗੀ ਜਦ ਤੱਕ ਤੁਸੀਂ ਸਾਲ ਦੇ 10000 ਡਾਲਰ ਖਰਚ ਨਹੀਂ ਲੈਂਦੇ। ਤੁਸੀਂ www.health.gov.bc.ca/pharmacare ’ਤੇ ਔਨਲਾਈਨ ਰਜਿਸਟਰ ਹੋ ਸਕਦੇ ਹੋ ਜਾਂ ਫੋਨ ਰਾਹੀਂ 604-683-7151 ’ਤੇ ਜਾਂ 1-800-663-7100 ’ਤੇ ਰਜਿਸਟਰ ਹੋ ਸਕਦੇ ਹੋ।

ਫੇਅਰ ਫਾਰਮਾਕੇਅਰ ਦੇ ਯੋਗ ਹੋਣ ਲਈ ਤੁਹਾਡੇ ਕੋਲ ਐੱਮ ਐੱਸ ਪੀ ਦੀ ਠੀਕ ਕਵਰੇਜ ਹੋਣੀ ਚਾਹੀਦੀ ਹੈ; ਅਤੇ ਤੁਸੀਂ ਦੋ ਸਾਲ ਪਹਿਲਾਂ ਇਨਕਮ ਟੈਕਸ ਰੀਟਰਨ ਭਰੀ ਹੋਣੀ ਚਾਹੀਦੀ ਹੈ। ਨੋਟ: ਜੇ ਤੁਸੀਂ ਦੋ ਸਾਲ ਪਹਿਲਾਂ ਕੈਨੇਡਾ ਵਿਚ ਟੈਕਸ ਨਹੀਂ ਭਰ ਸਕੇ ਤਾਂ ਤੁਸੀਂ ਫਾਰਮਾਕੇਅਰ ਨੂੰ ਆਪਣੀ ਆਮਦਨ ਦੇ ਹੋਰ ਸਬੂਤ ਦੇਣ ਦੇ ਯੋਗ ਹੋ ਸਕਦੇ ਹੋ।

**ਜ਼ਿਆਦਾ ਜਾਣਕਾਰੀ**

ਫਾਰਮਾਕੇਅਰ ਬਾਰੇ ਹੋਰ ਜਾਣਕਾਰੀ ਲੈਣ ਲਈ www.health.gov.bc.ca/pharmacare ’ਤੇ ਜਾਉ ਜਾਂ ਹੈਲਥ ਇਨਸ਼ੋਰੈਂਸ ਬੀ ਸੀ ਨੂੰ 604-683-7151 ’ਤੇ ਜਾਂ 1-800-663-7100 ’ਤੇ ਫੋਨ ਕਰੋ। ਐੱਮ ਐੱਸ ਪੀ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਸਾਡੀ ਜਾਣਕਾਰੀ ਸ਼ੀਟ *ਬੀ ਸੀ ਦੀ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ’ਤੇ ਇਕ ਸੰਖੇਪ ਝਾਤ* ਦੇਖੋ।

ਮਈ 2012 (ਈ ਬੀ/ਐੱਮ ਸੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**